# ਵਿੱਤੀ ਜਾਗਰੂਕਤਾ ਸੰਦੇਸ਼ (ਫੇਮ)

## ਐਫਆਈਡੀਡੀ, ਕੇਂਦਰੀ ਦਫ਼ਤਰ

# Financial Awareness Messages (FAME)

## FIDD, Central Office



**ਬੇਦਾਅਵਾ**

ਇਹ ਕਿਤਾਬਚਾ ਪਾਠਕ ਨੂੰ ਵਿੱਤੀ ਤੌਰ ਉੱਤੇ ਸਾਖਰ ਕਰਨ ਦੇ ਸੁਹਿਰਦ ਮੰਤਵ ਨਾਲ ਪਾਠ ਅਤੇ ਅਧਿਆਪਨ ਸਮੱਗਰੀ ਵੱਜੋਂ ਪੇਸ਼ ਕੀਤਾ ਗਿਆ ਹੈ। ਇਸ ਦੀ ਮਨਸ਼ਾ ਕਿਸੇ ਖਾਸ ਵਿੱਤੀ ਉਤਪਾਦ ਜਾਂ ਸੇਵਾ ਦੇ ਸਬੰਧ ਵਿਚ ਫੈਸਲਾ ਕਰਨ ਵਿਚ ਪਾਠਕ ਨੂੰ ਪ੍ਰਭਾਵਿਤ ਕਰਨ ਦੀ ਨਹੀਂ ਹੈ।

**ਰਾਖਵੇਂ ਹੱਕ**

ਇਸ ਦੇ ਪ੍ਰਤਿਰੂਪ ਦੀ ਇਜਾਜ਼ਤ ਹੈ ਬਸ਼ਰਤੇ ਕਿ ਸਰੋਤ ਨੂੰ ਮੰਨਿਆ ਜਾਂਦਾ ਹੈ।

**ਪਹਿਲੀ ਛਾਪ** - ਅਕਤੂਬਰ 2016

**ਛਾਪਕ ਰਿਜ਼ਰਵ ਬੈਂਕ ਆਫ਼ ਇੰਡੀਆ**

भारतीय रिज़र्व बैंक

Reserve Bank of India

ਭਾਰਤ ਦਾ ਕੇਂਦਰੀ ਬੈਂਕ

ਵਿੱਤੀ ਸਮਾਜੋਯਨ ਅਤੇ ਵਿਕਾਸ ਵਿਭਾਗ

10ਵੀਂ ਮੰਜ਼ਿਲ, ਸ਼ਹੀਦ ਭਗਤ ਸਿੰਘ ਨਗਰ

ਕਿਲ੍ਹਾ, ਮੁੰਬਈ - 400001

# ਤਤਕਰਾ


| | | ਪੰਨਾ ਨੰ. |
|---|---|---|
| ਸੰਦੇਸ਼ 1 | ਬੈਂਕ ਖਾਤਾ (ਕੇ.ਵਾਈ.ਸੀ.) ਖੋਲ੍ਹਣ ਵੇਲੇ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼ | 2 |
| ਸੰਦੇਸ਼ 2 | ਬਜਟ ਬਣਾਉਣ ਅਤੇ ਬੱਚਤ ਕਰਨ ਤੇ ਜ਼ਿੰਮੇਵਾਰੀ ਨਾਲ ਕਰਜ਼ਾ ਚੁੱਕਣ ਦਾ ਮਹੱਤਵ | 3 |
| ਸੰਦੇਸ਼ 3 | ਆਪਣੀ ਜਮ੍ਹਾਂ ਰਾਸ਼ੀ ਅਤੇ ਆਪਣੇ ਜਮ੍ਹਾਂ ਖਾਤਿਆਂ ਬਾਰੇ ਹੋਰ ਵਧੇਰੇ ਜਾਣੋ | 4 |
| ਸੰਦੇਸ਼ 4 | ਵੇਲੇ ਸਿਰ ਆਪਣੇ ਕਰਜ਼ੇ ਮੋੜ ਕੇ ਵਧੀਆ ਇਤਬਾਰੀ ਅੰਕ ਬਣਾਉ | 5 |
| ਸੰਦੇਸ਼ 5 | ਡਿਮਾਂਡ ਡਰਾਫਟਾਂ ਅਤੇ ਚੈੱਕਾਂ ਨੂੰ ਅਲਵਿਦਾ ਕਹੋ ਅਤੇ ਪੈਸਾ ਇਲੈਕਟ੍ਰੌਨਿਕਲੀ ਹਸਤਾਂਤਰਿਤ ਕਰਨਾ/ਪ੍ਰਾਪਤ ਕਰਨਾ ਸ਼ੁਰੂ ਕਰੋ। | 6 |
| ਸੰਦੇਸ਼ 6 | ਬੈਂਕਿੰਗ ਤੁਹਾਡੇ ਬੂਹੇ ਉੱਤੇ ਜਾਂ ਤੁਹਾਡੇ ਲਾਗੇ-ਚਾਗੇ | 7 |
| ਸੰਦੇਸ਼ 7 | ਇਹ ਜਾਣੋ ਕਿ ਤੁਸੀਂ ਬੈਂਕ ਜਾਂ ਬੈਂਕਿੰਗ ਲੋਕਪਾਲ ਕੋਲ ਕਿਵੇਂ ਸ਼ਿਕਾਇਤ ਕਰਨੀ ਹੈ। | 8 |
| ਸੰਦੇਸ਼ 8 | ਮੁਫਤ ਕੁਝ ਨਹੀਂ ਮਿਲਦਾ ਹੁੰਦਾ! ਠੱਗੇ ਨਾ ਜਾਇਉ। | 9 |
| ਸੰਦੇਸ਼ 9 | ਪ੍ਰੇਸ਼ਾਨੀ ਮੁਕਤ ਏ.ਟੀ.ਐਮ. ਅਨੁਭਵ ਪ੍ਰਾਪਤ ਕਰਨ ਲਈ ਹੇਠਲਿਆਂ ਨੂੰ ਧਿਆਨ ਵਿਚ ਰੱਖੋ | 10 |
| ਸੰਦੇਸ਼ 10 | ਆਪਣੀ ਮਿਹਨਤ ਦੀ ਕਮਾਈ ਨੂੰ ਸਿਰਫ ਪੰਜੀਕ੍ਰਿਤ ਵਜੂਦਾਂ ਵਿਚ ਹੀ ਲਾਉਣ | 11 |
| ਸੰਦੇਸ਼ 11 | ਕੁਵਿਕਰੀ - ਜਦੋਂ ਤੁਸੀਂ ਪੈਸੇ ਜਮ੍ਹਾਂ ਕਰਨ ਬੈਂਕ ਵਿਚ ਜਾਂਦੇ ਹੋ ਅਤੇ ਤੁਸੀਂ ਇਕ ਬੀਮਾ ਯੋਜਨਾ ਲੈਕੇ ਪਰਤਦੇ ਹੋ ਜਿਸ ਨੂੰ ਤੁਸੀਂ ਸਮਝਦੇ ਹੀ ਨਹੀਂ। | 12 |




# ਸੰਦੇਸ਼ 1

## ਬੈਂਕ ਖਾਤਾ (ਕੇ.ਵਾਈ.ਸੀ.) ਖੋਲ੍ਹਣ ਵੇਲੇ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼

- ਬੈਂਕ ਖਾਤਾ ਖੋਲ੍ਹਣ ਲਈ ਇਕ ਸ਼ਨਾਖਤ ਦਾ ਸਬੂਤ ਅਤੇ ਪਤੇ ਦਾ ਸਬੂਤ ਅਤੇ ਇਕ ਤਾਜ਼ਾ ਫੋਟੋ ਕਾਫੀ ਹਨ।




- ਤੁਹਾਡਾ ਆਧਾਰ ਕਾਰਡ, ਡਰਾਈਵਿੰਗ ਲਾਇਸੰਸ, ਵੋਟਰ ਸ਼ਨਾਖਤ ਕਾਰਡ, ਪਾਸਪੋਰਟ ਜਾਂ ਨਰੇਗਾ ਦਾ ਕਾਰਡ ਸ਼ਨਾਖਤ ਦੇ ਸਬੂਤ ਅਤੇ ਪਤੇ ਦੇ ਸਬੂਤ ਦੋਹਾਂ ਵੱਜੋਂ ਕੰਮ ਦਿੰਦਾ ਹੈ। ਪੈਨ ਕਾਰਡ ਸਿਰਫ਼ ਸ਼ਨਾਖਤ ਦੇ ਸਬੂਤ ਵੱਜੋਂ ਕੰਮ ਦਿੰਦਾ ਹੈ।

- ਜੇਕਰ ਤੁਹਾਡਾ ਮੌਜੂਦਾ ਪਤਾ ਉਹੀ ਨਹੀਂ ਹੈ ਜੋ ਤੁਹਾਡੇ ਬੈਂਕ ਨੂੰ ਪੇਸ਼ ਕੀਤੇ ਸਬੂਤ ਵਿਚ ਹੈ, ਤਾਂ ਤੁਹਾਡੇ ਨਵੇਂ ਪਤੇ ਦਾ ਇਕ ਸਾਦਾ ਘੋਸ਼ਣਾ-ਪੱਤਰ ਕਾਫੀ ਹੈ।

- ਜੇਕਰ ਤੁਹਾਡੇ ਕੋਲ ਸ਼ਨਾਖਤ ਅਤੇ ਪਤੇ ਦਾ ਸਬੂਤ ਵੀ ਨਹੀਂ ਹੈ ਤਾਂ ਇਕ ਤਾਜ਼ਾ ਫੋਟੋ ਅਤੇ ਹਸਤਾਖ਼ਰ ਪੇਸ਼ ਕਰਕੇ ਬਚਤ ਖਾਤਾ 'ਨਿੱਕਾ ਖਾਤਾ' ਖੋਲ੍ਹ ਲਓ। ਇਸ ਵਿਚ ਤੁਸੀਂ 50,000 ਰੁਪਏ ਤੱਕ ਖਾਤਾ ਬਕਾਇਆ ਰੱਖ ਸਕਦੇ ਹੋ। ਹਰ ਮਹੀਨੇ 10,000 ਰੁਪਏ ਤੱਕ ਕਢਵਾ ਸਕਦੇ ਹੋ ਅਤੇ ਹਰੇਕ ਵਿੱਤੀ ਸਾਲ ਵਿਚ ਇਕ ਲੱਖ ਰੁਪਏ ਤੱਕ ਦੇ ਕੁਲ ਕ੍ਰੈਡਿਟ ਰੱਖ ਸਕਦੇ ਹੋ।










# ਸੰਦੇਸ਼ 2

# ਬਜਟ ਬਣਾਉਣ ਅਤੇ ਬੱਚਤ ਕਰਨ ਤੇ ਜਿੰਮੇਵਾਰੀ ਨਾਲ ਕਰਜ਼ਾ ਚੁੱਕਣ ਦਾ ਮਹੱਤਵ




- ਬਜਟ ਬਣਾਉਣਾ ਅਤੇ ਬੱਚਤ ਕਰਨੀ ਬਜਟ ਤੁਹਾਡੀ ਭਵਿੱਖੀ ਆਮਦਨ ਅਤੇ ਖਰਚਿਆਂ ਲਈ ਇਕ ਯੋਜਨਾ ਹੁੰਦੀ ਹੈ ਜਿਸ ਨੂੰ ਤੁਸੀਂ ਖਰਚਾ ਕਰਨ ਅਤੇ ਬੱਚਤ ਕਰਨ ਲਈ ਇਕ ਅਗਵਾਈ ਲੀਹ ਵੱਜੋਂ ਵਰਤ ਸਕਦੇ ਹੋ। ਹਰੇਕ ਘਰ ਨੂੰ ਆਮਦਨ ਅਤੇ ਖਰਚੇ ਦਾ ਬਜਟ ਬਣਾਉਣਾ ਚਾਹੀਦਾ ਹੈ ਅਤੇ ਸਖਤੀ ਨਾਲ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ। ਮਾਸਿਕ ਬਜਟ ਬਣਾਉਣੇ ਅਤੇ ਬਜਟ ਵਿਚ ਰੱਖੇ ਖਰਚਿਆਂ ਉੱਤੇ ਟਿਕੇ ਰਹਿਣਾ ਬਹੁਤ ਵਧੀਆ ਹੁੰਦਾ ਹੈ। ਖਰਚੇ ਤੋਂ ਵੱਧ ਦੀ ਆਮਦਨ ਨੂੰ ਵਾਫਰ ਕਿਹਾ ਜਾਂਦਾ ਹੈ। ਵਾਫਰ ਨੂੰ ਕਿਸੇ ਅਣਕਿਆਸੀਆਂ ਘਟਨਾਵਾਂ (ਹਾਦਸੇ, ਕੁਦਰਤੀ ਆਫਤਾਂ, ਨੌਕਰੀ ਚਲੀ ਜਾਣਾ) ਅਤੇ ਜੀਵਨ ਵਿਚ ਮਹੱਤਵਪੂਰਨ ਘਟਨਾਵਾਂ (ਵਿਆਹ, ਬੱਚਿਆਂ ਦੀ ਸਿੱਖਿਆ, ਕਿਤੇ ਆਉਣ-ਜਾਣ, ਗੱਡੀ, ਘਰ ਖਰੀਦਣ) ਲਈ ਫੁਰਤੀ ਨਾਲ ਬਚਾ ਕੇ ਰੱਖਣ ਜਾਂ ਨਿਵੇਸ਼ ਕਰਨ ਦੀ ਲੋੜ ਹੁੰਦੀ ਹੈ। ਬੱਚਤਾਂ ਉਦੋਂ ਵੀ ਸਾਡੀ ਮਦਦ ਕਰਦੀਆਂ ਹਨ ਜਦੋਂ ਸਾਡੇ ਅੰਦਰ ਕਮਾਉਣ ਦੀ ਯੋਗਤਾ ਨਹੀਂ ਰਹਿੰਦੀ, ਮਿਸਾਲ ਵਜੋਂ ਸੇਵਾ ਮੁਕਤੀ ਤੋਂ ਬਾਦ।

- **ਬੱਚਤਾਂ ਕਰਨ ਦਾ ਮਹੱਤਵ :** ਸਾਨੂੰ ਖਰਚਾ ਕਰਨ ਤੋਂ ਪਹਿਲਾਂ ਆਪਣੀ ਆਮਦਨ ਦਾ ਕੁਝ ਹਿੱਸਾ ਬਚਾ ਲੈਣਾ ਚਾਹੀਦਾ ਹੈ।



ਸਭ ਤੋਂ ਪਹਿਲਾਂ, ਤੁਹਾਡੀ ਬੱਚਤ ਕਿਸੇ ਵਸੀਲੇ ਅਤੇ ਸੰਸਥਾ ਵਿਚ ਸੁਰੱਖਿਆ ਹੋਣੀ ਚਾਹੀਦੀ ਹੈ। ਮਿਸਾਲ ਵੱਜੋਂ ਜੇਕਰ ਤੁਸੀਂ ਮਿਹਨਤ ਨਾਲ ਕਮਾਏ ਪੈਸੇ ਨੂੰ ਕਿਸੇ ਅਜਿਹੀ ਸੰਸਥਾ ਜਾਂ ਵਸੀਲੇ ਵਿਚ ਲਾਉਂਦੇ ਹੋ ਜੋ ਬੜਾ ਜੋਖਮ ਭਰਿਆ/ਗੈਰ-ਨਿਯਮਿਤ ਹੋਵੇ ਤਾਂ ਤੁਹਾਡੇ ਸਾਰੇ ਪੈਸੇ ਦਾ ਨੁਕਸਾਨ ਹੋ ਸਕਦਾ ਹੈ। ਇਸ ਕਰਕੇ ਇਹ ਬੜਾ ਮਹੱਤਵ ਰੱਖਦਾ ਹੈ ਕਿ ਤੁਸੀਂ ਆਪਣਾ ਪੈਸਾ ਸੁਰੱਖਿਅਤ ਵਸੀਲਿਆਂ/ਸੰਸਥਾਵਾਂ ਵਿਚ ਲਾਉ। ਦੂਜਾ, ਬੱਚਤਾਂ ਭਵਿੱਖ ਵਿਚ ਯੋਜਨਾਬੱਧ ਅਤੇ ਗੈਰ ਯੋਜਨਾਬੱਧ ਦੋਵੇਂ ਖਰਚੇ ਪੂਰੇ ਕਰਨ ਲਈ ਹੁੰਦੀਆਂ ਹਨ। ਇਸ ਕਰਕੇ ਇਨ੍ਹਾਂ ਨੂੰ ਉਨ੍ਹਾਂ ਸੁਰੱਖਿਅਤ ਵਸੀਲਿਆਂ ਅਤੇ ਸੰਸਥਾਵਾਂ ਵਿਚ ਲਾਉਣਾ ਬਿਹਤਰ ਹੁੰਦਾ ਹੈ ਜੋ ਤੁਹਾਨੂੰ ਇਸ ਯੋਗ ਰੱਖਦੇ ਹਨ ਕਿ ਲੋੜ ਵੇਲੇ ਤੁਸੀਂ ਆਪਣਾ ਪੈਸਾ ਕਢਵਾ ਸਕੋ। ਤੀਜਾ, ਤੁਹਾਡੇ ਪੈਸੇ ਦੀ ਕੁਝ ਵਾਪਸੀ ਵੀ ਹੋਣੀ ਚਾਹੀਦੀ ਹੈ ਤਾਂ ਕਿ ਤੁਸੀਂ ਮਹਿੰਗਾਈ ਤੋਂ ਸੁਰੱਖਿਅਤ ਰਹੋ।

- **ਕਰਜ਼ਾ ਚੁੱਕਣਾ :** ਕਿਸੇ ਨੂੰ ਵੀ ਕਰਜ਼ਾ ਅਸਾਮਿਆਂ ਵਿਚ ਨਿਵੇਸ਼ ਕਰਨ ਲਈ ਚੁੱਕਣਾ ਚਾਹੀਦਾ ਹੈ ਜਿਸ ਨਾਲ ਮੁੱਲ ਵਾਧਾ ਹੁੰਦਾ ਹੋਵੇ, ਨਾ ਕਿ ਦੈਨਿਕ ਖਰਚਿਆਂ ਵਿਚ ਪੈਸਾ ਲਾਉਣ ਲਈ। ਚੰਗਾ ਕਰਜ਼ਾ ਚੁੱਕਣ ਦੀਆਂ ਮਿਸਾਲਾਂ ਹਨ ਘਰ ਖਰੀਦਣ ਲਈ ਰਹਿਣ ਕਰਕੇ ਕਰਜ਼ੇ ਚੁੱਕਣਾ, ਬੱਚਿਆਂ ਦੀ ਉਚੇਰੀ ਸਿੱਖਿਆ ਲਈ ਪੈਸਾ ਲਾਉਣ ਵਾਸਤੇ ਸਿੱਖਿਆ ਕਰਜ਼ਾ ਆਦਿ।

- **ਬੈਂਕ ਬਨਾਮ ਮਹਾਜਨ :** ਬੈਂਕ ਹਮੇਸ਼ਾ ਹੀ ਮਹਾਜਨ ਨਾਲੋਂ ਬਿਹਤਰ ਹੁੰਦਾ ਹੈ ਕਿਉਂ ਜੋ ਇਹ ਰਿਜ਼ਰਵ ਬੈਂਕ ਆਫ਼ ਇੰਡੀਆ ਰਾਹੀਂ ਨਿਯਮਿਤ ਹੁੰਦਾ ਹੈ। ਬੈਂਕ ਪਾਰਦਰਸ਼ੀ ਹੁੰਦੇ ਹਨ ਅਤੇ ਮਹਾਜਨਾਂ ਵਾਂਗ ਵਾਧੂ ਪੈਸਾ ਨਹੀਂ ਲੈਂਦੇ। ਇਨ੍ਹਾਂ ਵਿਚ ਵਧੀਆ ਦਸਤਾਵੇਜ਼ੀ ਪ੍ਰਕ੍ਰਿਆ ਨਾਲ ਸ਼ਿਕਾਇਤ ਨਿਵਾਰਣ ਦੀ ਇਕ ਪ੍ਰਣਾਲੀ ਵੀ ਬਣੀ ਹੁੰਦੀ ਹੈ।



# ਸੰਦੇਸ਼ 3

## ਆਪਣੀ ਜਮ੍ਹਾਂ ਰਾਸ਼ੀ ਅਤੇ ਆਪਣੇ ਜਮ੍ਹਾਂ ਖਾਤਿਆਂ ਬਾਰੇ ਹੋਰ ਵਧੇਰੇ ਜਾਣੋ



- ਆਪਣੇ ਪੈਸੇ ਨੂੰ ਸਿਰਫ ਬੱਚਤ ਬੈਂਕ ਖਾਤਿਆਂ ਵਿਚ ਹੀ ਨਾ ਰੱਖ ਦਿਉ। ਇਸ ਨਾਲ ਕੋਈ ਚੰਗੀ ਵਾਪਸੀ ਨਹੀਂ ਆਉਂਦੀ। ਜਦੋਂ ਤੁਹਾਨੂੰ ਪੈਸੇ ਦੀ ਇਕੱਠੀ ਰਕਮ ਮਿਲ ਜਾਵੇ ਤਾਂ ਇਸ ਦਾ ਨਿਵੇਸ਼ ਫਿਕਸਡ ਡਿਪਾਜ਼ਿਟ ਵਿਚ ਕਰ ਦਿਉ ਅਤੇ ਜਦੋਂ ਤੁਸੀਂ ਨਿਯਮਿਤ ਰੂਪ ਵਿਚ ਬੱਚਤ ਕਰਨੀ ਚਾਹੁੰਦੇ ਹੋਵੋ ਤਾਂ ਆਵਰਤੀ ਜਮ੍ਹਾਂ ਖਾਤਾ ਖੋਲ੍ਹ ਲਉ।

- ਆਪਣੇ ਬੈਂਕ ਖਾਤਿਆਂ ਅਤੇ ਬੈਂਕ ਵਿਚ ਸੁਰੱਖਿਅਤ ਰੱਖੀਆਂ ਚੀਜ਼ਾਂ ਲਈ ਤੁਸੀਂ ਇਕ ਵਿਅਕਤੀ ਨੂੰ ਨਾਮਜ਼ਦ ਕਰੋ ਜਿਸ ਉੱਤੇ ਤੁਹਾਨੂੰ ਭਰੋਸਾ ਹੋਵੇ। ਇਹ ਤੁਹਾਡੇ ਸੰਗੀਆਂ-ਸਾਥੀਆਂ ਦੇ ਹਿਤ ਵਿਚ ਹੁੰਦਾ ਹੈ। ਬੈਂਕ ਖਾਤਾ ਖੋਲ੍ਹਣ ਵੇਲੇ ਨਾਮਜ਼ਦਗੀ ਫਾਰਮ ਭਰ ਦਿਉ। ਨਾਮਜ਼ਦ ਵਿਅਕਤੀ ਦਾ ਹੋਣਾ ਦਾਅਵਿਆਂ ਦੇ ਛੇਤੀ ਨਿਪਟਾਰੇ ਵਿਚ ਮਦਦ ਕਰਦਾ ਹੈ ਅਤੇ ਪਿੱਛੇ ਰਹੇ ਪਰਿਵਾਰਕ ਜੀਆਂ ਲਈ ਮੁਸ਼ਕਿਲਾਂ ਦੂਰ ਕਰਦਾ ਹੈ। ਬੈਂਕਾਂ ਲਈ 'ਆਈਦਰ ਜਾਂ ਸਰਵਾਈਵਰ', 'ਫਾਰਮਰ ਜਾਂ ਸਰਵਾਈਵਰ' 'ਸਾਂਝਾ ਖਾਤਾ' ਮਹੱਤਵਪੂਰਨ ਸੰਚਾਲਨ ਨਿਰਦੇਸ਼ ਹਨ। ਇਹ ਧਿਆਨ ਨਾਲ ਦੱਸੋ।

- ਆਪਣੇ ਫਿਕਸਡ ਟਰਮ ਡਿਪਾਜ਼ਿਟ ਵਿਚੋਂ ਖਾਸ ਕਰਕੇ ਲੋੜ ਵੇਲੇ ਮਿਆਦ ਪੁੱਗਣ ਤੋਂ ਪਹਿਲਾਂ ਪੈਸਾ ਕਢਵਾਉਣ ਲਈ ਤੁਹਾਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਤੁਸੀਂ ਪੈਸਾ ਜਮ੍ਹਾਂ ਕਰਵਾਉਣ ਵੇਲੇ ਉਸ ਸਹੂਲਤ ਨੂੰ ਚੁਣਿਆ ਹੋਵੇ।





- ਪੈਨਸ਼ਨਰ ਪੈਨਸ਼ਨ ਪ੍ਰਾਪਤ ਕਰਨ ਲਈ ਆਪਣੇ ਮੌਜੂਦਾ ਬੱਚਤ ਖਾਤੇ ਦੀ ਵਰਤੋਂ ਕਰ ਸਕਦੇ ਹਨ। ਇਹ ਵਧੇਰੇ ਠੀਕ ਹੈ ਕਿ ਆਪਣੇ ਜੀਵਨ-ਸਾਥੀ/ਸਾਥਣ ਨਾਲ ਸਾਂਝਾ ਖਾਤਾ ਰੱਖਿਆ ਹੋਵੇ ਅਤੇ ਨਾਮਜ਼ਦਗੀ ਪੰਜੀਕ੍ਰਿਤ ਕੀਤੀ ਹੋਵੇ ਜਾਂ ਆਪਣੇ ਖਾਤੇ ਵਿਚ 'ਆਈਦਰ ਜਾਂ ਸਰਵਾਈਵਰ' ਜਾਂ 'ਫਾਰਮਰ ਜਾਂ ਸਰਵਾਈਵਰ' ਦੀਆਂ ਸੰਚਾਲਨ ਹਿਦਾਇਤਾਂ ਪੈਨਸ਼ਨ ਖਾਤਾ ਹੋਰ ਸ਼ਾਖਾ ਜਾਂ ਹੋਰ ਬੈਂਕ ਵਿਚ ਟਰਾਂਸਫਰ ਕਰ ਸਕਦੇ ਹੋ।

- ਹਰ ਸਾਲ ਨਵੰਬਰ ਵਿਚ ਆਪਣੀ ਬੈਂਕ ਸ਼ਾਖਾ ਨੂੰ ਆਪਣੇ ਜੀਵਤ ਹੋਣ ਦਾ ਪ੍ਰਮਾਣ ਪੱਤਰ ਪੇਸ਼ ਕਰਨਾ ਚੇਤੇ ਰੱਖੋ। ਭੌਤਿਕ ਜੀਵਨ ਪ੍ਰਮਾਣ-ਪੱਤਰ ਦੀ ਬਜਾਏ ਹੁਣ ਤੁਸੀਂ ਜੀਵਨ ਪ੍ਰਮਾਣ, ਇਕ ਡਿਜੀਟਲ ਲਾਈਫ ਸਰਟੀਫਿਕੇਟ ਵੀ ਪੇਸ਼ ਕਰ ਸਕਦੇ ਹੋ ਜੋ ਆਧਾਰ ਨੰਬਰ ਆਧਾਰਤ ਬਾਹਿਉਮੀਟਰਿਕ ਆਥਨਟੀਕੇਸ਼ਨ ਦੀ ਵਰਤੋਂ ਕਰਦਾ ਹੈ। ਤੁਸੀਂ ਵੈਸਬਾਈਟ www.jeevanpramaan.gov.in ਉੱਤੇ ਵੀ ਜਾ ਸਕਦੇ ਹੋ ਅਤੇ ਆਪਣਾ ਮੋਬਾਈਲ ਫੋਨ ਵਰਤਕੇ ਆਪਣੇ ਬੈਂਕ ਨੂੰ ਲਾਈਫ ਸਰਟੀਫਿਕੇਟ ਭੇਜ ਸਕਦੇ ਹੋ।



# ਸੰਦੇਸ਼ 4

## ਵੇਲੇ ਸਿਰ ਆਪਣੇ ਕਰਜ਼ੇ ਮੋੜ ਕੇ ਵਧੀਆ ਇਤਬਾਰੀ ਅੰਕ ਪ੍ਰਾਪਤ ਕਰੋ




- ਕਰਜ਼ਾ ਸਿਆਣਪ ਨਾਲ ਲਉ ਅਤੇ ਇਹ ਜਾਂਚ ਕਰ ਲਉ ਕਿ ਕੀ ਕਰਜ਼ਾ ਤੁਹਾਡੀ ਮੋੜਨ ਸਮਰਥਾ ਦੇ ਅੰਦਰ ਹੈ।
- ਇਹ ਯਕੀਨੀ ਬਣਾਉ ਕਿ ਤੁਸੀਂ ਕੋਈ ਵੀ ਕਿਸ਼ਤ ਚੁਕਾਉਣ ਤੋਂ ਨਾ ਉਕੋ।
- ਬੈਂਕ ਤੁਹਾਡਾ ਹੋਰ ਕਰਜ਼ਾ ਦੇਣ ਵੇਲੇ ਤੁਹਾਡੇ ਕ੍ਰੈਡਿਟ ਅੰਕ ਅਤੇ ਕ੍ਰੈਡਿਟ ਇਤਿਹਾਸ ਵੀ ਦੇਖਦੇ ਹਨ।
- ਕਰਜ਼ਾ ਮੋੜਨ ਵਿਚ ਦੇਰ ਅਤੇ ਬੈਂਕਾਂ ਨਾਲ ਕੀਤਾ ਕਰਜ਼ੇ ਦਾ ਨਿਪਟਾਰਾ ਤੁਹਾਡੇ ਕ੍ਰੈਡਿਟ ਇਤਿਹਾਸ/ਕ੍ਰੈਡਿਟ ਅੰਕਾਂ ਉੱਤੇ ਬੁਰਾ ਅਸਰ ਪਾਉਂਦਾ ਹੈ। ਜੇ ਕੋਈ ਦੇਰ ਹੁੰਦੀ ਹੋਵੇ ਤਾਂ ਬੈਂਕਰ ਨੂੰ ਇਤਲਾਹ ਦੇ ਦਿਉ।
- ਕਰਜ਼ੇ ਦਾ ਭੁਗਤਾਨ ਦੇਰ ਦੀ ਬਜਾਏ ਛੇਤੀ ਕਰੋ ਕਿਉਂ ਜੋ ਇਸ ਨਾਲ ਚੰਗਾ ਕ੍ਰੈਡਿਟ ਇਤਿਹਾਸ ਬਣਦਾ ਹੈ ਜੋ ਤੁਹਾਡੇ ਜਾਤੀ/ਕਾਰੋਬਾਰੀ ਮਨੋਰਥਾ ਵਾਸਤੇ ਭਵਿੱਖ ਵਿਚ ਹੋਰ ਕਰਜ਼ੇ ਲੈਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ।
- ਤੁਹਾਡੇ ਕ੍ਰੈਡਿਟ ਇਤਿਹਾਸ ਦੇ ਅਤੇ ਹੋਰ ਪ੍ਰਸੰਗਿਕ ਕਾਰਕਾਂ ਦੇ ਆਧਾਰ ਉੱਤੇ ਤੁਹਾਨੂੰ ਕ੍ਰੈਡਿਟ ਅੰਕ ਮਿਲਦੇ ਹਨ। ਅੰਕ ਜਿੰਨੇ ਵੱਧ ਹੋਣਗੇ ਤੁਸੀਂ ਓਨੇ ਹੀ ਵੱਧ ਸਾਖ ਵਾਲੇ ਅਤੇ ਵਧੇਰੇ ਜ਼ਿੰਮੇਵਾਰ ਕਰਜਾ ਚੁੱਕਣ ਵਾਲੇ ਹੋਵੋਗੇ।







# ਸੰਦੇਸ਼ 5
# ਡਿਮਾਂਡ ਡਰਾਫਟਾਂ ਅਤੇ ਚੈੱਕਾਂ ਨੂੰ ਅਲਵਿਦਾ ਕਹੋ ਅਤੇ ਪੈਸਾ ਇਲੈਕਟ੍ਰਾਨਿਕਲੀ ਹਸਤਾਂਤਰਿਤ ਕਰਨਾ/ਪ੍ਰਾਪਤ ਕਰਨਾ ਸ਼ੁਰੂ ਕਰੋ

➢ **ਐਨ.ਈ.ਐਫ.ਟੀ.**


ਕੁਝ ਘੰਟਿਆਂ ਦੇ ਅੰਦਰ ਹੀ ਸਾਰੇ ਦੇਸ਼ ਵਿਚ ਕਿਸੇ ਨੂੰ ਵੀ ਪੈਸਾ ਹਸਤਾਂਤਰਿਤ ਕਰੋ। ਐਨ.ਈ.ਐਫ.ਟੀ. ਹਫਤੇ ਦੇ ਦਿਨਾਂ ਅਤੇ ਕੰਮਕਾਰੀ ਸ਼ਨੀਵਾਰਾਂ ਨੂੰ 8.00 ਵਜੇ ਸਵੇਰ ਤੋਂ 7.00 ਵਜੇ ਸ਼ਾਮ ਤੱਕ ਕੰਮ ਕਰਦੀ ਹੈ।



➢ **ਆਰ.ਟੀ.ਜੀ.ਐਸ.**

ਜੇ ਤੁਹਾਨੂੰ ਪੈਸਾ ਫੌਰਨ ਹਸਤਾਂਤਰਿਤ ਕਰਨ ਦੀ ਲੋੜ ਹੈ ਅਤੇ ਜੇ ਰਕਮ ਦੋ ਲੱਖ ਰੁਪਏ ਜਾਂ ਵੱਧ ਹੈ ਤਾਂ ਤੁਸੀਂ ਰੀਅਲ ਟਾਈਮ ਗਰਾਸ ਸੈਟਲਮੈਂਟ (ਆਰ.ਟੀ.ਜੀ.ਐਸ.) ਦੀ ਵਰਤੋ. ਕਰ ਸਕਦੇ ਹੋ।

ਗਾਹਕਾਂ ਲਈ ਆਰ.ਟੀ.ਜੀ.ਐਸ. ਹਫਤੇ ਦੇ ਦਿਨਾਂ ਅਤੇ ਕੰਮਕਾਰੀ ਸ਼ਨੀਵਾਰਾਂ ਨੂੰ ਵੇਰੇ 8.00 ਵਜੇ ਤੋਂ ਸ਼ਾਮ 4.30 ਵਜੇ ਤੱਕ ਉਪਲਬਧ ਹੈ।



➢ **ਆਈ.ਐਮ.ਪੀ.ਐਸ.**

ਪੈਸਾ ਫੌਰੀ ਤੌਰ 'ਤੇ ਹਸਤਾਂਤਰਿਤ ਕਰਨ ਵਾਸਤੇ ਇਮੀਜਿਏਟ ਪੇਮੈਂਟ ਸਰਵਿਸ (ਆਈ.ਐਮ.ਪੀ.ਐਸ.) ਦੀ ਵਰਤੋਂ ਕਰੋ। ਪੈਸਾ ਬੈਂਕ ਦੀਆਂ ਛੁੱਟੀਆਂ ਅਤੇ ਐਤਵਾਰਾਂ ਨੂੰ ਵੀ 24×7 ਹਸਤਾਂਤਰਿਤ ਕੀਤਾ ਜਾ ਸਕਦਾ ਹੈ।

ਐਨ.ਈ.ਐਫ.ਟੀ., ਆਰ.ਟੀ.ਜੀ.ਐਸ. ਅਤੇ ਆਈ.ਐਮ.ਪੀ.ਐਸ. ਸੇਵਾਵਾਂ ਬ੍ਰਾਂਚ ਵਿਖੇ ਜਾਂ ਆਨਲਾਈਨ ਚੈਨਲਾਂ ਰਾਹੀਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜਿਵੇਂ ਇਟਰਨੈੱਟ ਬੈਂਕਿੰਗ, ਮੋਬਾਈਲ ਬੈਂਕਿੰਗ ਆਦਿ ਜੋ ਤੁਹਾਡੇ ਬੈਂਕ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਹਨ।

➢ **ਯੂ.ਪੀ.ਆਈ (ਯੂਨੀਫਾਈਡ ਪੇਮੈਂਟ ਇੰਟਰਫੇਸ)**

ਯੂ.ਪੀ.ਆਈ. ਵਿਸਤ੍ਰਿਤ ਸੂਚਨਾ ਦਰਜ ਕਰਨ ਤੋਂ ਬਿਨਾਂ ਵਰਚੁਅਲ ਪੇਮੈਂਟ ਐਡਰੈਸ (ਵੀ.ਪੀ.ਏ.) ਵਰਤਕੇ ਪੈਸਾ ਭੇਜਣ ਅਤੇ ਪ੍ਰਾਪਤ ਕਰਨ ਦਾ ਇਕ ਤੇਜ਼ ਅਤੇ ਸੁਖਾਲਾ ਤਰੀਕਾ ਹੈ ਜਿਵੇਂ ਲਾਭਪਾਤਰੀ ਦਾ ਬੈਂਕ ਖਾਤਾ ਨੰਬਰ, ਆਈ.ਐਫ.ਐਸ.ਸੀ., ਏ.ਟੀ.ਐਮ./ਡੈਬਿਟ ਕਾਰਡ ਨੰਬਰ ਆਦਿ।

ਤੁਸੀਂ ਪੈਸਾ ਬੈਂਕਾਂ ਦੀਆਂ ਛੁੱਟੀਆਂ ਅਤੇ ਐਤਵਾਰਾਂ ਨੂੰ 24×7 ਭੇਜ ਸਕਦੇ ਹੋ।

ਤੁਸੀਂ ਵਣਜਕਾਰਾਂ ਨੂੰ ਵੀ ਭੁਗਤਾਨ ਕਰ ਸਕਦੇ ਹੋ ਜੋ ਭੁਗਤਾਨ ਤਰਜੀਹ ਵਜੋਂ ਯੂ.ਪੀ.ਆਈ. ਨੂੰ ਪ੍ਰਾਪਤ ਕਰਦੇ ਹੋਣ।


ਇਸ ਦੀ ਵਰਤੋਂ ਕਰਨ ਦੇ ਯੋਗ ਹੋਣ ਲਈ ਤੁਹਾਨੂੰ ਯੂ.ਪੀ.ਆਈ. ਐਪਲੀਕੇਸ਼ਨ ਨੂੰ ਆਪਣੇ ਸਮਾਰਟ ਫੋਨ ਉੱਤੇ ਡਾਊਨਲੋਡ ਕਰਨਾ ਪੈਂਦਾ ਹੈ।



# ਸੰਦੇਸ਼ 4

## ਵੇਲੇ ਸਿਰ ਆਪਣੇ ਕਰਜ਼ੇ ਮੋੜ ਕੇ ਵਧੀਆ ਇਤਬਾਰੀ ਅੰਕ ਪ੍ਰਾਪਤ ਕਰੋ

- ਕਰਜ਼ਾ ਸਿਆਣਪ ਨਾਲ ਲਉ ਅਤੇ ਇਹ ਜਾਂਚ ਕਰ ਲਉ ਕਿ ਕੀ ਕਰਜ਼ਾ ਤੁਹਾਡੀ ਮੋੜਨ ਸਮਰਥਾ ਦੇ ਅੰਦਰ ਹੈ।
- ਇਹ ਯਕੀਨੀ ਬਣਾਉ ਕਿ ਤੁਸੀਂ ਕੋਈ ਵੀ ਕਿਸ਼ਤ ਚੁਕਾਉਣ ਤੋਂ ਨਾ ਉਕੋ।
- ਬੈਂਕ ਤੁਹਾਡਾ ਹੋਰ ਕਰਜ਼ਾ ਦੇਣ ਵੇਲੇ ਤੁਹਾਡੇ ਕ੍ਰੈਡਿਟ ਅੰਕ ਅਤੇ ਕ੍ਰੈਡਿਟ ਇਤਿਹਾਸ ਵੀ ਦੇਖਦੇ ਹਨ।
- ਕਰਜ਼ਾ ਮੋੜਨ ਵਿਚ ਦੇਰ ਅਤੇ ਬੈਂਕਾਂ ਨਾਲ ਕੀਤਾ ਕਰਜ਼ੇ ਦਾ ਨਿਪਟਾਰਾ ਤੁਹਾਡੇ ਕ੍ਰੈਡਿਟ ਇਤਿਹਾਸ/ਕ੍ਰੈਡਿਟ ਅੰਕਾਂ ਉੱਤੇ ਬੁਰਾ ਅਸਰ ਪਾਉਂਦਾ ਹੈ। ਜੇ ਕੋਈ ਦੇਰ ਹੁੰਦੀ ਹੋਵੇ ਤਾਂ ਬੈਂਕਰ ਨੂੰ ਇਤਲਾਹ ਦੇ ਦਿਉ।
- ਕਰਜ਼ੇ ਦਾ ਭੁਗਤਾਨ ਦੇਰ ਦੀ ਬਜਾਏ ਛੇਤੀ ਕਰੋ ਕਿਉਂ ਜੋ ਇਸ ਨਾਲ ਚੰਗਾ ਕ੍ਰੈਡਿਟ ਇਤਿਹਾਸ ਬਣਦਾ ਹੈ ਜੋ ਤੁਹਾਡੇ ਜਾਤੀ/ਕਾਰੋਬਾਰੀ ਮਨੋਰਥਾ ਵਾਸਤੇ ਭਵਿੱਖ ਵਿਚ ਹੋਰ ਕਰਜ਼ੇ ਲੈਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ।
- ਤੁਹਾਡੇ ਕ੍ਰੈਡਿਟ ਇਤਿਹਾਸ ਦੇ ਅਤੇ ਹੋਰ ਪ੍ਰਸੰਗਿਕ ਕਾਰਕਾਂ ਦੇ ਆਧਾਰ ਉੱਤੇ ਤੁਹਾਨੂੰ ਕ੍ਰੈਡਿਟ ਅੰਕ ਮਿਲਦੇ ਹਨ। ਅੰਕ ਜਿੰਨੇ ਵੱਧ ਹੋਣਗੇ ਤੁਸੀਂ ਓਨੇ ਹੀ ਵੱਧ ਸਾਖ ਵਾਲੇ ਅਤੇ ਵਧੇਰੇ ਜ਼ਿੰਮੇਵਾਰ ਕਰਜ਼ਾ ਚੁੱਕਣ ਵਾਲੇ ਹੋਵੋਗੇ।






# ਸੰਦੇਸ਼ 7

# ਇਹ ਜਾਣੋ ਕਿ ਤੁਸੀਂ ਬੈਂਕ ਜਾਂ ਬੈਂਕਿੰਗ ਲੋਕਪਾਲ ਕੋਲ ਕਿਵੇਂ ਸ਼ਿਕਾਇਤ ਕਰਨੀ ਹੈ




- ਆਪਣੀ ਸ਼ਿਕਾਇਤ ਬੈਂਕ ਸ਼ਾਖਾ ਵਿਚ ਸ਼ਿਕਾਇਤ ਰਜਿਸਟਰ ਵਿਚ ਭਰ ਦਿਉ।
- ਜੇਕਰ ਉਹ ਸ਼ਾਖਾ ਵਿਚ ਲਿਖਕੇ ਨਹੀਂ ਦਰਸਾਏ ਹੋਏ ਤਾਂ ਉਨ੍ਹਾਂ ਅਧਿਕਾਰੀਆਂ ਦੇ ਨਾਂ ਪੁੱਛੋ ਜਿਨ੍ਹਾਂ ਨਾਲ ਸ਼ਿਕਾਇਤਾਂ ਦੇ ਨਿਪਟਾਰੇ ਲਈ ਸੰਪਰਕ ਕੀਤਾ ਜਾ ਸਕਦਾ ਹੈ। ਸ਼ਿਕਾਇਤ ਨਿਵਾਰਣ ਲਈ ਬੈਂਕਾਂ ਵਿਚ ਨੋਡਲ ਅਫਸਰ ਹੁੰਦੇ ਹਨ।
- ਤੁਹਾਡੀ ਸ਼ਿਕਾਇਤ ਦਾ ਨਿਵਾਰਣ ਇਕ ਸਮਾਂ-ਚੌਖਟੇ ਅੰਦਰ ਕੀਤਾ ਜਾਣਾ ਹੁੰਦਾ ਹੈ ਜੇ ਨਹੀਂ ਹੁੰਦਾ ਤਾਂ ਬੈਂਕ ਨੂੰ ਤੁਹਾਨੂੰ ਇੰਜ ਨਾ ਕਰਨ ਦੇ ਕਾਰਨ ਦੱਸਣੇ ਪੈਂਦੇ ਹਨ।




- ਜੇਕਰ ਤੁਹਾਡਾ ਬੈਂਕ ਇਕ ਮਹੀਨੇ ਅੰਦਰ ਤੁਹਾਡੀ ਸ਼ਿਕਾਇਤ ਦਾ ਨਿਪਟਾਰਾ ਨਹੀਂ ਕਰਦਾ ਤਾਂ ਆਰ.ਬੀ.ਆਈ. ਦੇ ਬੈਂਕਿੰਗ ਲੋਕਪਾਲ ਸਕੀਮ ਤੁਹਾਡੀ ਸ਼ਿਕਾਇਤ ਦਾ ਨਿਪਟਾਰਾ ਬੜੀ ਤੇਜ਼ੀ ਨਾਲ ਅਤੇ ਮੁਫ਼ਤ ਕਰਦੀ ਹੈ।




- ਬੈਂਕਿੰਗ ਲੋਕਪਾਲ ਭਾਰਤ ਵਿਚ 15 ਸਥਾਨਾਂ ਉੱਤੇ ਆਰ.ਬੀ.ਆਈ. ਵੱਲੋਂ ਨਿਯੁਕਤ ਕੀਤੇ ਅਧਿਕਾਰੀ ਹੁੰਦੇ ਹਨ। ਬੈਂਕਿੰਗ ਲੋਕਪਾਲ ਬੈਂਕਿੰਗ ਸੇਵਾਵਾਂ ਵਿਚ ਬਹੁਤ ਸਾਰੀਆਂ ਕਮੀਆਂ ਨੂੰ ਕਵਰ ਕਰਦਾ ਹੈ।
- ਬੱਸ ਸਾਦੇ ਕਾਗਜ਼ ਉੱਤੇ ਲਿਖੋ, ਆਨਲਾਈਨ ਸ਼ਿਕਾਇਤ ਕਰ ਦਿਉ ਜਾਂ ਈ-ਮੇਲ ਭੇਜ ਦਿਉ। ਤੁਸੀਂ ਆਪਣੀ ਸ਼ਿਕਾਇਤ http://bankingombudsman.rbi.org.in ਉੱਤੇ ਵੀ ਜਾ ਸਕਦੇ ਹੋ।







# ਸੰਦੇਸ਼ 8

## ਮੁਫਤ ਕੁਝ ਨਹੀਂ ਮਿਲਦਾ ਹੁੰਦਾ ! ਠੱਗੇ ਨਾ ਜਾਇਓ ।

- ਸਮੇਤ ਆਪਣੇ ਬੈਂਕ ਦੇ ਆਰ.ਬੀ.ਆਈ/ਆਰ.ਬੀ.ਆਈ ਗਵਰਨਰ/ਜਾਂ ਕਿਸੇ ਹੋਰ ਬੈਂਕ ਦੇ ਨਾਂ ਉੱਤੇ ਤੁਹਾਨੂੰ ਪੈਸਾ ਦੇਣ ਦਾ ਵਾਅਦਾ ਕਰਦੀਆਂ ਈ-ਮੇਲਾਂ, ਐਸ.ਐਮ.ਐਸ. ਜਾਂ ਫੋਨ ਕਾਲਾਂ ਰਾਹੀਂ ਠੱਗੇ ਨਾ ਜਾਇਓ।
- ਆਰ.ਬੀ.ਆਈ. ਜਾਂ ਕਿਸੇ ਹੋਰ ਬੈਂਕ ਜਾਂ ਸਰਕਾਰੀ ਸੰਗਠਨ ਦੇ ਨਾਂ 'ਤੇ ਭਾਰਤ ਅਤੇ ਵਿਦੇਸ਼ ਵਿਚ ਲਾਟਰੀ ਜਿੱਤਣ ਜਾਂ ਸਸਤਾ ਪੈਸਾ ਦੇਣ ਦੀਆਂ ਝੂਠੀਆਂ ਈ-ਮੇਲਾਂ, ਪੇਸ਼ਕਸ਼ਾਂ ਦੇ ਸ਼ਿਕਾਰ ਨਾ ਬਣਿਉ।
- ਕਿਸੇ ਵੀ ਤਰ੍ਹਾਂ ਦੇ ਜਾਣੂ ਜਾਂ ਅਣਜਾਣੇ ਸੰਗਠਨਾਂ ਤੋਂ ਵੱਡੀਆਂ ਰਕਮਾਂ ਪ੍ਰਾਪਤ ਕਰਨ ਲਈ ਕਿਸੇ ਨੂੰ ਮੁਢਲੀ ਜਮ੍ਹਾਂ ਰਾਸ਼ੀ, ਕਮਿਸ਼ਨ ਜਾਂ ਟਰਾਂਸਫਰ ਫੀਸ ਵਜੋਂ ਕੋਈ ਪੈਸਾ ਨਾ ਭੇਜੋ। ਤੁਹਾਡੇ ਨਾਲ ਠੱਗੀ ਵੱਜ ਸਕਦੀ ਹੈ।





- ਆਰ.ਬੀ.ਆਈ ਕੋਈ ਬੱਚਤ ਖਾਤਾ/ਚਾਲੂ ਖਾਤਾ/ਫਿਕਸਡ ਡਿਪਾਜ਼ਿਟ ਨਹੀਂ ਖੋਲ੍ਹਦਾ ਜਾਂ ਕ੍ਰੈਡਿਟ/ਡੈਬਿਟ ਕਾਰਡ ਦੀ ਪੇਸ਼ਕਸ਼ ਨਹੀਂ ਕਰਦਾ ਜਾਂ ਕਿਸੇ ਵਿਅਕਤੀ ਨਾਲ ਕੋਈ ਲੈਣ-ਦੇਣ ਨਹੀਂ ਕਰਦਾ।
- ਆਰ.ਬੀ.ਆਈ/ਬੈਂਕ ਈ-ਮੇਲ, ਐਸ.ਐਮ.ਐਸ. ਜਾਂ ਫੋਨ ਕਾਲ ਰਾਹੀਂ ਕਦੀ ਵੀ ਤੁਹਾਡੇ ਬੈਂਕ ਖਾਤੇ/ਕ੍ਰੈਡਿਡ-ਡੈਬਿਟ ਕਾਰਡ ਵੇਰਵੇ ਨਹੀਂ ਪੁੱਛਦੇ। ਅਜਿਹੇ ਵੇਰਵੇ ਕਦੀ ਕਿਸੇ ਨੂੰ ਨਾ ਦਿਉ।
- ਆਪਣੇ ਬੈਂਕ ਖਾਤੇ ਦੇ ਵੇਰਵੇ, ਇੰਟਰਨੈੱਟ ਬੈਂਕਿੰਗ ਯੂਜ਼ਰ ਆਈ.ਡੀ., ਪਾਸਵਰਡ, ਕ੍ਰੈਡਿਟ/ਡੈਬਿਟ ਕਾਰਡ ਨੰਬਰ, ਸੀ.ਵੀ.ਵੀ, ਏ.ਟੀ.ਐਮ ਪਿੰਨ ਜਾਂ ਓ.ਟੀ.ਪੀ. ਕਿਸੇ ਨੂੰ ਨਾ ਦੱਸੋ।
- ਜੇਕਰ ਤੁਹਾਨੂੰ ਵਿਦੇਸ਼ ਜਾਂ ਭਾਰਤ ਦੇ ਅੰਦਰੋਂ ਲਾਟਰੀ ਜਿੱਤਣ ਜਾਂ ਸਸਤੇ ਪੈਸੇ ਦੀ ਕੋਈ ਜਾਅਲੀ ਪੇਸ਼ਕਸ਼ ਆਉਂਦੀ ਹੈ ਤਾਂ ਸਥਾਨਕ ਪੁਲਿਸ ਜਾਂ ਸਾਈਬਰ-ਅਪਰਾਧ ਅਧਿਕਾਰੀਆਂ ਕੋਲ ਸ਼ਿਕਾਇਤ ਲਿਖਵਾਉ।




# ਸੰਦੇਸ਼ 9

## ਪ੍ਰੇਸ਼ਾਨੀ ਮੁਕਤ ਏ.ਟੀ.ਐਮ. ਅਨੁਭਵ ਪ੍ਰਾਪਤ ਕਰਨ ਲਈ ਹੇਠਲਿਆਂ ਨੂੰ ਧਿਆਨ ਵਿਚ ਰੱਖੋ

- ਤੁਸੀਂ ਏ.ਟੀ.ਐਮ. ਉੱਤੇ ਹੀ ਪੈਸਾ ਕਢਵਾ, ਫੰਡ ਟਰਾਂਸਫਰ, ਖਾਤੇ ਦਾ ਬਕਾਇਆ ਚੈੱਕ, ਮੋਬਾਈਲ ਬੈਂਕਿੰਗ ਲਈ ਰਜਿਸਟਰ, ਬਿਲਾਂ ਦਾ ਭੁਗਤਾਨ, ਬੈਂਕ ਖਾਤੇ ਨਾਲ ਆਪਣਾ ਆਧਾਰ ਨੰਬਰ ਆਦਿ ਲਿੰਕ ਕਰ ਸਕਦੇ ਹੋ।
- ਆਪਣੇ ਏ.ਟੀ.ਐਮ. ਕਾਰਡ ਦੇ ਵੇਰਵੇ ਅਤੇ ਪਿਨ ਕਿਸੇ ਨਾਲ ਵੀ ਸਾਂਝੇ ਨਾ ਕਰੋ। ਕਾਰਡ ਕਦੀ ਵੀ ਏ.ਟੀ.ਐਮ ਵਿਚ ਨਾ ਛੱਡੋ।




- ਜਦੋਂ ਤੁਸੀਂ ਆਪਣਾ ਪਿਨ ਨੰਬਰ ਜਾਂ ਕਾਰਡ ਸਵਾਈਪ ਕਰ ਰਹੇ ਹੋਵੋ ਤਾਂ ਇਹ ਯਕੀਨੀ ਬਣਾ ਲਉ ਕਿ ਏ.ਟੀ.ਐਮ. ਨਾਲ ਕੈਮਰਾ ਜਾਂ ਹੋਰ ਕੋਈ ਉਪਕਰਣ ਨਾ ਜੁੜਿਆ ਹੋਵੇ। ਜਿੱਥੋਂ ਤੱਕ ਸੰਭਵ ਹੋਵੇ ਕੀਪੈਡ ਨੂੰ ਇਕ ਹੱਥ ਨਾਲ ਢਕ ਲਉ ਅਤੇ ਦੂਜੇ ਹੱਥ ਨਾਲ ਆਪਣਾ ਪਿਲ ਐਂਟਰ ਕਰੋ। ਜਦੋਂ ਪਿਨ ਏ.ਟੀ.ਐਮ. ਵਿਚ ਐਂਟਰ ਕੀਤਾ ਜਾ ਰਿਹਾ ਹੋਵੇ ਤਾਂ ਆਪਣਾ ਪਿਨ ਕਿਸੇ ਨੂੰ ਨਾ ਦੇਖਣ ਦਿਉ।
- ਨਿਕਲੇ ਨੋਟਾਂ ਦੀ ਗਿਣਤੀ ਅਤੇ ਜਾਂਚ ਕਰਨੀ ਚੇਤੇ ਰੱਖੋ।
- ਏ.ਟੀ.ਐਮ. ਲੈਣ-ਦੇਣ ਬਾਰੇ ਸੁਚੇਤ ਰਹਿਣ ਲਈ ਕਾਰਡ ਜਾਰੀ ਕਰਨ ਵਾਲੇ ਬੈਂਕ ਨਾਲ ਆਪਣਾ ਫੋਨ ਨੰਬਰ ਦਰਜ ਕਰਵਾਉ।




- ਜੇ ਤੁਹਾਡਾ ਕਾਰਡ ਖੋ ਗਿਆ ਜਾਂ ਚੋਰੀ ਹੋ ਗਿਆ ਹੋਵੇ ਤਾਂ ਤੁਸੀਂ ਮਹਿਸੂਸ ਕਰ ਰਹੇ ਹੋਵੋ ਇਸ ਦਾ ਭੇਤ ਖੁਲ੍ਹ ਗਿਆ ਹੈ ਤਾਂ ਕਾਰਡ ਨੂੰ ਬਲਾਕ ਕਰਨ ਲਈ ਫੌਰਨ ਆਪਣੇ ਬੈਂਕ ਨਾਲ ਸੰਪਰਕ ਕਰੋ।
- ਜੇਕਰ ਤੁਹਾਡੀ ਏ.ਟੀ.ਐਮ. ਨਾਲ ਸਬੰਧਤ ਕੋਈ ਸ਼ਿਕਾਇਤ ਹੈ ਤਾਂ ਕਾਰਡ ਜਾਰੀ ਕਰਨ ਵਾਲੀ ਅਥਾਰਟੀ ਨੂੰ ਲਿਖੋ। ਬੈਂਕ ਨੂੰ ਤੁਹਾਡੀ ਸ਼ਿਕਾਇਤ ਦਾ ਨਿਪਟਾਰਾ ਇਸ ਦੇ ਮਿਲਣ ਦੇ 7 ਕੰਮਕਾਰੀ ਦਿਨਾਂ ਦੇ ਅੰਦਰ ਕਰਨਾ ਪੈਂਦਾ ਹੈ, ਨਹੀਂ ਤਾਂ ਉਸਨੂੰ ਤੁਹਾਨੂੰ 100 ਰੁਪਏ ਪ੍ਰਤਿ ਦਿਨ ਦੇ ਹਿਸਾਬ ਮੁਆਵਜਾ ਦੇਣਾ ਪੈਂਦਾ ਹੈ (ਜੇ ਸ਼ਿਕਾਇਤ ਲੈਣ-ਦੇਣ ਦੇ 30 ਦਿਨਾਂ ਦੇ ਅੰਦਰ ਕੀਤੀ ਗਈ ਹੋਵੇ।)
- ਆਪਣਾ ਏ.ਟੀ.ਐਮ. ਕਾਰਡ ਪਿਨ ਨਿਰੰਤਰ ਬਦਲਦੇ ਰਹੋ।
- ਕਾਰਡ ਵਰਤਣ ਤੋਂ ਪਹਿਲਾਂ ਏ.ਟੀ.ਐਮ. ਕਮਰੇ ਜਾਂ ਏ.ਟੀ.ਐਮ. ਮਸ਼ੀਨ ਵਿਚ ਕਿਸੇ ਸ਼ੱਕੀ ਕਾਰਵਾਈ ਜਾਂ ਚੀਜ਼ ਲਈ ਨਜ਼ਰ ਰੱਖੋ।



# ਸੰਦੇਸ਼ 10

# ਮਿਹਨਤ ਨਾਲ ਕਮਾਇਆ ਆਪਣਾ ਪੈਸਾ ਸਿਰਫ ਪੰਜੀਕ੍ਰਿਤ ਵਜੂਦਾਂ ਵਿਚ ਹੀ ਲਾਉ

- ਆਪਣਾ ਮਿਹਨਤ ਨਾਲ ਕਮਾਇਆ ਪੈਸਾ ਸਿਰਫ਼ ਆਰ.ਬੀ.ਆਈ, ਐਸ.ਈ.ਬੀ.ਆਈ, ਆਈ.ਆਰ.ਡੀ.ਏ, ਪੀ.ਐਫ.ਆਰ.ਡੀ.ਏ. ਜਾਂ ਰਾਜ ਸਰਕਾਰਾਂ ਨਾਲ ਪੰਜੀਕ੍ਰਿਤ ਵਜੂਦਾਂ ਵਿਚ ਲਾ ਕੇ ਜਾਂ ਜਮ੍ਹਾਂ ਕਰਵਾਕੇ ਸੁਰੱਖਿਅਤ ਰੱਖੋ। ਅਜਿਹੇ ਪੰਜੀਕ੍ਰਿਤ ਵਜੂਦਾਂ ਦੀ ਸੂਚੀ ਲਈ www.sachet.rbi.org.in ਉੱਤੇ ਜਾਉ।

- ਥੋੜ੍ਹੇ ਸਮੇਂ ਵਿਚ ਉੱਚੀ ਜਾਂ ਗਾਰੰਟੀਸ਼ੁਦਾ ਵਾਪਸੀ ਦਾ ਵਾਅਦਾ ਕਰਨ ਵਾਲੀਆਂ ਸਕੀਮਾਂ ਦੇ ਝਾਂਸੇ ਵਿਚ ਨਾ ਆਉ। ਅਜਿਹੀਆਂ ਸਕੀਮਾਂ ਫਰਾਡ ਹੋ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਚਲਾਉਣ ਵਾਲੇ ਤੁਹਾਡੀ ਮਿਹਨਤ ਦੀ ਕਮਾਈ ਇਕੱਠੀ ਕਰਕੇ ਛੂ-ਮੰਤਰ ਹੋ ਸਕਦੇ ਹਨ।

- ਵਪਾਰਕ ਬੈਂਕਾਂ ਰਾਹੀਂ ਕੀਤੀ ਜਾਂਦੀ ਪੇਸ਼ਕਸ਼ ਤੋਂ ਬੜੀਆਂ ਹੀ ਘੱਟ ਵਿਆਜ ਦਰਾਂ ਉੱਤੇ ਕਰਜ਼ਿਆਂ ਦੀ ਪੇਸ਼ਕਸ਼ ਕਰਨ ਵਾਲੇ ਵਜੂਦ ਪ੍ਰੋਸੈਸਿੰਗ ਫੀਸ ਇਕੱਠੀ ਕਰਨ ਤੋਂ ਬਾਦ ਛੂ-ਮੰਤਰ ਹੋ ਸਕਦੇ ਹਨ।

- ਜੇ ਤੁਹਾਡੇ ਕੋਲ ਕਿਸੇ ਅਜਿਹੇ ਵਜੂਦ ਵਿਰੁੱਧ ਕੋਈ ਜਾਣਕਾਰੀ ਜਾਂ ਸ਼ਿਕਾਇਤ ਹੈ ਜਿਸ ਨੇ ਕਿਸੇ ਸਕੀਮ ਅਧੀਨ ਜਮ੍ਹਾਂ ਕੀਤੇ ਜਾਂ ਇਕੱਤਰ ਕੀਤੇ ਪੈਸੇ ਦਾ ਮੁੜ ਭੁਗਤਾਨ ਨਹੀਂ ਕੀਤਾ ਤਾਂ www.sachet.rbi.org.in ਉੱਤੇ ਜਾਉ।






# ਸੰਦੇਸ਼ 11

## ਕੁਵਿਕਰੀ- ਜਦੋਂ ਤੁਸੀਂ ਪੈਸੇ ਜਮ੍ਹਾਂ ਕਰਨ ਬੈਂਥ ਵਿਚ ਜਾਂਦੇ ਹੋ ਅਤੇ ਤੁਸੀਂ ਇਕ ਬੀਮਾ ਯੋਜਨਾ ਲੈਕੇ ਪਰਤਦੇ ਹੋ ਜਿਸ ਨੂੰ ਤੁਸੀਂ ਸਮਝਦੇ ਹੀ ਨਹੀਂ


- ਕੀ ਕਦੀ ਇੰਜ ਹੋਇਆ ਹੈ ਕਿ ਤੁਸੀਂ ਫਿਕਸਡ ਡਿਪਾਜ਼ਿਟ ਲਈ ਪੁੱਛਣ ਵਾਸਤੇ ਆਪਣੇ ਬੈਂਕ ਗਏ ਹੋਵੋ ਅਤੇ ਬਦਲੇ ਵਿਚ ਉਹ ਤੁਹਾਨੂੰ ਬੀਮਾ ਪਾਲਿਸੀ ਦੀ ਪੇਸ਼ਕਸ਼ ਕਰ ਦਿੰਦੇ ਹਨ ?

- ਬੀਮਾ ਪਾਲਿਸੀ ਤਾਂ ਹੀ ਪ੍ਰਵਾਨ ਕਰੋ ਜੇ ਤੁਹਾਨੂੰ ਇਸ ਦੀ ਲੋੜ ਹੈ। ਚੇਤੇ ਰੱਖੋ ਬੈਂਕ ਇਸ ਨੂੰ ਖਰੀਦਣ ਲਈ ਤੁਹਾਨੂੰ ਮਜਬੂਰ ਨਹੀਂ ਕਰ ਸਕਦਾ, ਜੇ ਤੁਸੀਂ ਇਹ ਨਹੀਂ ਲੈਣਾ ਚਾਹੁੰਦੇ।


- ਜਿਹੜੇ ਫਾਰਮ ਉੱਤੇ ਵੀ ਹਸਤਾਖਰ ਕਰਨੇ ਹੋਣ ਉਸ ਨੂੰ ਪੜ੍ਹਨ ਜ਼ਰੂਰ ਕੁਝ ਮਿੰਟ ਕੱਢੋ।

- ਜੇਕਰ ਤੁਹਾਡਾ ਬੈਂਕ ਤੁਹਾਨੂੰ ਕੋਈ ਉਤਪਾਦ ਵੇਚਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਦੀ ਤੁਸੀਂ ਮੰਗ ਵੀ ਨਹੀਂ ਕੀਤੀ ਸੀ ਤਾਂ ਇਸ ਨੂੰ ਨਾ ਖਰੀਦੋ ਜਦੋਂ ਤੱਕ ਕਿ ਤੁਹਾਨੂੰ ਇਹ ਤਸੱਲੀ ਨਹੀਂ ਹੋ ਜਾਂਦੀ ਕਿ ਇਹ ਤੁਹਾਨੂੰ ਸੂਤ ਬੈਠਦਾ ਹੈ।

- ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਬੈਂਕ ਨੇ ਇਕ ਵਿੱਤੀ ਤੁਹਾਨੂੰ ਗਲਤ ਤਰੀਕੇ ਨਾਲ ਵੇਚ ਦਿੱਤਾ ਹੈ ਤਾਂ ਸ਼ਿਕਾਇਤ ਲਿਖਵਾਉਣ ਵਿਚ ਨਾ ਝਿਜਕੋ।







भारतीय रिज़र्व बैंक
RESERVE BANK OF INDIA